# neoGASTRIC

## ਮਾਪੇ ਲਈ ਜਾਣਕਾਰੀ ਸ਼ੀਟ

### neoGASTRIC ਅਧਿਐਨ ਉਹਨਾਂ ਬੱਚਿਆਂ ਲਈ ਹੈ ਜੋ 6 ਹਫਤਿਆਂ ਤੋਂ ਵਧੇਰੇ ਪਹਿਲਾਂ ਪੈਦਾ ਹੋ ਗਏ ਸਨ ਅਤੇ ਉਹਨਾਂ ਨੂੰ ਇੱਕ ਫੀਡਿੰਗ ਟਿਊਬ ਦੀ ਲੋੜ ਪੈ ਰਹੀ ਸੀ

**ਅਧਿਐਨ ਬਾਰੇ ਜਾਣਨ ਲਈ ਮੁੱਖ ਜਾਣਕਾਰੀ:**

- **ਸਾਰੇ ਬੱਚੇ ਉਦੋਂ ਤੱਕ ਅਧਿਐਨ ਵਿੱਚ ਰਹਿਣਗੇ ਜਦ ਤੱਕ ਤੁਸੀਂ ਨੀਓਨੇਟਲ (ਨਵਜਾਤ) ਟੀਮ ਦੇ ਕਿਸੇ ਮੈਂਬਰ ਨੂੰ ਇਹ ਨਹੀਂ ਦੱਸਦੇ ਕਿ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਬੱਚਾ ਭਾਗ ਲਵੇ**
- ਅਸੀਂ ਟਿਊਬ ਫੀਡ ਵਾਲੇ ਬੱਚਿਆਂ ਦੀ ਦੇਖਭਾਲ ਕਰਨ ਦੇ ਦੋ ਤਰੀਕਿਆਂ ਦੀ ਤੁਲਨਾ ਕਰ ਰਹੇ ਹਾਂ, ਦੋਵੇਂ ਤਰੀਕੇ ਨਿਯਮਿਤ ਸੰਭਾਲ ਦਾ ਹਿੱਸਾ ਹਨ ਅਤੇ ਦੋਵੇਂ ਹੀ ਆਮ ਤੌਰ 'ਤੇ ਯੂਕੇ ਭਰ ਵਿੱਚ ਨੀਓਨੇਟਲ ਯੂਨਿਟਾਂ (ਨਵਜਾਤ ਇਕਾਈਆਂ) ਵਿੱਚ ਵਰਤੇ ਜਾਂਦੇ ਹਨ
- ਸਾਨੂੰ ਨਹੀਂ ਲੱਗਦਾ ਕਿ ਹਿੱਸਾ ਲੈਣ ਦੇ ਕੋਈ ਵਧੀਕ ਜੋਖਮ ਹਨ
- ਤੁਹਾਡੇ ਬੱਚੇ ਨੂੰ ਉਹਨਾਂ ਵੱਲੋਂ ਫੀਡ ਸ਼ੁਰੂ ਕਰਨ ਦੇ 24 ਘੰਟਿਆਂ ਦੇ ਅੰਦਰ ਅਧਿਐਨ ਵਿੱਚ ਦਾਖਲ ਕਰ ਲਿਆ ਜਾਵੇਗਾ
- ਅਸੀਂ ਤੁਹਾਡੇ ਬੱਚੇ ਅਤੇ ਉਸ ਦੀ ਫੀਡ ਬਾਰੇ ਜਾਣਕਾਰੀ ਇਕੱਤਰ ਕਰਾਂਗੇ
- ਇਸ ਅਧਿਐਨ ਨੂੰ ਯੂਕੇ ਅਤੇ ਆਸਟਰੇਲੀਆ ਦੇ 30 ਤੋਂ ਵਧੇਰੇ ਹਸਪਤਾਲਾਂ ਵਿੱਚ ਲਗਭਗ 3 ਤੋਂ 4 ਸਾਲਾਂ ਤੋਂ ਚਲਾਇਆ ਜਾ ਰਿਹਾ ਹੈ
- ਤੁਹਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਖੋਜ ਕਿਉਂ ਕੀਤੀ ਜਾ ਰਹੀ ਹੈ ਅਤੇ ਇਸ ਵਿੱਚ ਕੀ ਕੁਝ ਸ਼ਾਮਲ ਹੋਵੇਗਾ। ਕਿਰਪਾ ਕਰਕੇ ਅੱਗੇ ਦਿੱਤੀ ਜਾਣਕਾਰੀ ਨੂੰ ਸਮਾਂ ਲੈਂਦੇ ਹੋਏ ਧਿਆਨ ਨਾਲ ਪੜ੍ਹੋ




neoGASTRIC ਅਧਿਐਨ: ਨੀਓਨੇਟਲ (ਨਵਜਾਤ) ਗੰਭੀਰ ਦੇਖਭਾਲ ਵਿੱਚ ਨਿਯਮਿਤ ਤੌਰ 'ਤੇ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਮਾਪਣ ਤੋਂ ਪਰਹੇਜ਼ ਕਰਨਾ

Imperial College London

ਇਹ ਨੀਓਨੇਟਲ ਯੂਨਿਟ (ਨਵਜਾਤ ਇਕਾਈ) ਇੱਕ ਮਹੱਤਵਪੂਰਨ ਖੋਜ ਅਧਿਐਨ ਵਿੱਚ ਭਾਗ ਲੈ ਰਿਹਾ ਹੈ ਜਿਸਨੂੰ neoGASTRIC ਕਹਿੰਦੇ ਹਨ ਜੋ ਉਹਨਾਂ ਦੇਖਭਾਲ ਪ੍ਰਥਾਵਾਂ ਦੀ ਤੁਲਨਾ ਕਰ ਰਿਹਾ ਹੈ ਜੋ ਯੂਨਾਈਟਡ ਕਿੰਗਡਮ (ਯੂਕੇ) ਵਿੱਚ ਨੀਓਨੇਟਲ ਯੂਨਿਟਾਂ (ਨਵਜਾਤ ਇਕਾਈਆਂ) ਵਿੱਚ ਪਹਿਲਾਂ ਹੀ ਦਿੱਤੀਆਂ ਜਾ ਰਹੀਆਂ ਹਨ। ਸਾਡੀ ਯੋਜਨਾ ਹੈ ਕਿ ਅਧਿਐਨ ਵਿੱਚ ਹਰੇਕ ਯੋਗ ਬੱਚੇ ਨੂੰ ਸ਼ਾਮਲ ਕੀਤਾ ਜਾਵੇ ਜਦੋਂ ਤੱਕ ਤੁਸੀਂ ਸਾਨੂੰ ਨਹੀਂ ਕਹਿੰਦੇ ਕਿ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਬੱਚਾ (ਬਾਹਰ ਨਿਕਲਣਾ) ਭਾਗ ਲਵੇ।

## ਇਸ ਅਧਿਐਨ ਦਾ ਮਕਸਦ ਕੀ ਹੈ?


ਸਮੇਂ ਤੋਂ ਪਹਿਲਾਂ ਜਨਮੇ ਬੱਚੇ ਹਮੇਸ਼ਾਂ ਆਪਣੇ ਦੁੱਧ ਨੂੰ ਚੂਸਣ ਅਤੇ ਨਿਗਲਣ ਦੇ ਯੋਗ ਨਹੀਂ ਹੁੰਦੇ। ਇਸੇ ਲਈ ਉਨ੍ਹਾਂ ਨੂੰ ਹਰ ਕੁਝ ਘੰਟਿਆਂ ਬਾਅਦ ਇੱਕ ਨਰਮ ਟਿਊਬ ਰਾਹੀਂ ਦੁੱਧ ਪਿਲਾਇਆ ਜਾਂਦਾ ਹੈ ਜੋ ਉਨ੍ਹਾਂ ਦੇ ਪੇਟ ਵਿੱਚ ਹੁੰਦੀ ਹੈ। ਟਿਊਬ ਨੂੰ 'ਗੈਸਟ੍ਰਿਕ ਟਿਊਬ' ਕਿਹਾ ਜਾਂਦਾ ਹੈ ਅਤੇ ਇਸਨੂੰ ਨੱਕ ਜਾਂ ਮੂੰਹ ਰਾਹੀਂ ਰੱਖਿਆ ਜਾਂਦਾ ਹੈ। ਕੁਝ ਕੁ ਬੱਚੇ ਜਨਮ ਦੇ ਤੁਰੰਤ ਬਾਅਦ ਬਹੁਤ ਸਾਰੇ ਦੁੱਧ ਨੂੰ ਸਹਿਣ ਨਹੀਂ ਕਰ ਸਕਦੇ, ਇਸ ਕਰਕੇ ਹਰੇਕ ਫੀਡ ਮੌਕੇ ਦਿੱਤੇ ਜਾਂਦੇ ਦੁੱਧ ਦੀ ਮਾਤਰਾ ਨੂੰ ਹੌਲੀ-ਹੌਲੀ ਵਧਾਇਆ ਜਾਂਦਾ ਹੈ ਜਦਕਿ ਉਹ ਨਾਲ-ਨਾਲ ਨਸ (ਨਸ ਰਾਹੀਂ) ਵਿੱਚ ਤਰਲ ਜਾਂ ਪੋਸ਼ਣ ਵੀ ਪ੍ਰਾਪਤ ਕਰਦੇ ਹਨ।



ਜਦੋਂ ਗੈਸਟ੍ਰਿਕ ਟਿਊਬ ਕਿਸੇ ਬੱਚੇ ਦੇ ਅੰਦਰ ਹੁੰਦੀ ਹੈ, ਤਾਂ ਕੁਝ ਡਾਕਟਰ ਅਤੇ ਨਰਸਾਂ ਨਿਯਮਿਤ ਤੌਰ 'ਤੇ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਮਾਪਦੇ ਹਨ – ਇਹ ਦੇਖਣ ਲਈ ਜਾਂਚ ਕਰਦੇ ਹਨ ਕਿ ਅਗਲੀ ਫੀਡ ਤੋਂ ਪਹਿਲਾਂ ਬੱਚੇ ਦੇ ਪੇਟ ਵਿੱਚ ਕਿੰਨਾ ਦੁੱਧ ਬਚਿਆ ਹੈ। ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਮਾਪਣ ਲਈ, ਗੈਸਟ੍ਰਿਕ ਟਿਊਬ ਰਾਹੀਂ ਪੇਟ ਵਿਚਲੀਆਂ ਚੀਜ਼ਾਂ ਨੂੰ ਹੌਲੀ-ਹੌਲੀ ਚੂਸਣ ਲਈ ਇੱਕ ਸਰਿੰਜ ਦੀ ਵਰਤੋਂ ਕੀਤੀ ਜਾਂਦੀ ਹੈ। ਨਰਸਾਂ ਅਤੇ ਡਾਕਟਰ ਇਸਦੀ ਮਾਤਰਾ ਅਤੇ ਦਿੱਖ ਨੂੰ ਦੇਖਦੇ ਹਨ, ਫੇਰ ਉਹ ਇਸਨੂੰ ਦੁਬਾਰਾ ਬੱਚੇ ਦੇ ਪੇਟ ਵਿੱਚ ਪਾ ਸਕਦੇ ਹਨ।

ਕੁਝ ਡਾਕਟਰ ਅਤੇ ਨਰਸਾਂ ਨਿਯਮਿਤ ਤੌਰ 'ਤੇ ਗੈਸਟਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਮਾਪਦੇ ਹਨ ਕਿਉਂਕਿ ਉਹ ਮੰਨਦੇ ਹਨ ਕਿ ਇਹ ਦੱਸਣ ਵਿੱਚ ਮਦਦ ਕਰ ਸਕਦਾ ਹੈ ਕਿ ਕੀ ਬੱਚਾ ਉਹਨਾਂ ਦੀਆਂ ਖੁਰਾਕਾਂ ਨਾਲ ਸਿੱਝ ਰਿਹਾ ਹੈ, ਅਤੇ ਇਹ ਅੰਤੜੀਆਂ ਦੀ ਇੱਕ ਗੰਭੀਰ ਪਰ ਦੁਰਲੱਭ ਬਿਮਾਰੀ ਦੇ ਚਿੰਨ੍ਹਾਂ ਦੀ ਪਛਾਣ ਕਰਨ ਵਿੱਚ ਮਦਦ ਕਰ ਸਕਦੇ ਹਨ ਜਿਸਨੂੰ ਨੈਕਰੋਟਾਈਜ਼ਿੰਗ ਐਂਟਰੋਕੋਲਿਟਿਸ (NEC) ਕਿਹਾ ਜਾਂਦਾ ਹੈ। ਹੋਰ ਡਾਕਟਰ ਅਤੇ ਨਰਸਾਂ ਇਹ ਮੰਨਦੇ ਹਨ ਕਿ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਨਿਯਮਿਤ ਤੌਰ 'ਤੇ ਮਾਪਣਾ ਇੱਕ ਵਧੀਆ ਵਿਚਾਰ ਨਹੀਂ ਹੋ ਸਕਦਾ ਹੈ ਕਿਉਂਕਿ ਇਹ ਗਲਤ ਹੋ ਸਕਦਾ ਹੈ ਅਤੇ ਅਸੀਂ ਨਹੀਂ ਜਾਣਦੇ ਕਿ ਕੀ ਇਹ ਨੈਕਰੋਟਾਈਜ਼ਿੰਗ ਐਂਟਰੋਕੋਲਿਟਿਸ (NEC) ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ। ਇਹ ਹਰੇਕ ਬੱਚੇ ਲਈ ਹੋਣ ਵਾਲੀਆਂ ਪ੍ਰਕਿਰਿਆਵਾਂ ਦੀ ਮਾਤਰਾ ਵਿੱਚ ਵੀ ਵਾਧਾ ਕਰਦੀ ਹੈ, ਅਤੇ ਇਹ ਉਹਨਾਂ ਲਈ ਬੇਆਰਾਮੀ ਦੇਣ ਵਾਲੀ ਹੋ ਸਕਦੀ ਹੈ। ਨਿਯਮਿਤ ਤੌਰ 'ਤੇ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਮਾਪਣ ਦੇ ਸਿੱਟੇ ਵਜੋਂ ਖੁਰਾਕਾਂ ਨੂੰ ਘੱਟ ਜਾਂ ਏਥੋਂ ਤੱਕ ਕਿ ਬੰਦ ਕੀਤਾ ਜਾ ਸਕਦਾ ਹੈ, ਇਸ ਨਾਲ ਬੱਚੇ ਨੂੰ ਪੂਰੀਆਂ ਖੁਰਾਕਾਂ ਤੱਕ ਪਹੁੰਚਣ ਵਿੱਚ ਲੱਗਣ ਵਾਲੇ ਸਮੇਂ ਵਿੱਚ ਦੇਰੀ ਹੋਵੇਗੀ ਅਤੇ ਇਹ ਇਸ ਗੱਲ ਨੂੰ ਪ੍ਰਭਾਵਿਤ ਕਰ ਸਕਦਾ ਹੈ ਕਿ ਉਹ ਕਿੰਨ੍ਹੀ ਕੁ ਚੰਗੀ ਤਰ੍ਹਾਂ ਵਧਦੇ-ਫੁੱਲਦੇ ਹਨ। ਇਸਦਾ ਮਤਲਬ ਇਹ ਵੀ ਹੋਵੇਗਾ ਕਿ ਕਿਸੇ ਬੱਚੇ ਨੂੰ ਜਿਆਦਾ ਸਮੇਂ ਲਈ ਨਸ ਰਾਹੀਂ ਪੋਸ਼ਣ ਦੀ ਲੋੜ ਪਵੇਗੀ ਜਿਸਦੇ ਸਿੱਟੇ ਵਜੋਂ ਲਾਗਾਂ ਵਰਗੀਆਂ ਸੰਭਾਵਿਤ ਸਮੱਸਿਆਵਾਂ ਹੋ ਸਕਦੀਆਂ ਹਨ।

ਯੂਕੇ ਵਿੱਚ ਲਗਭਗ ਅੱਧੇ ਡਾਕਟਰ ਅਤੇ ਨਰਸਾਂ ਰੁਟੀਨ ਤੌਰ 'ਤੇ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਮਾਪਦੇ ਹਨ ਅਤੇ ਲਗਭਗ ਅੱਧੇ ਅਜਿਹਾ ਨਹੀਂ ਕਰਦੇ – ਇਸ ਕਰਕੇ ਦੋਵੇਂ ਪਹੁੰਚਾਂ ਮਿਆਰੀ ਇਲਾਜ ਹਨ।



## ਅਸੀਂ ਇਹ ਅਧਿਐਨ ਕਿਉਂ ਕਰ ਰਹੇ ਹਾਂ?

ਕੁਝ ਛੋਟੇ ਅਧਿਐਨ ਸੁਝਾਉਂਦੇ ਹਨ ਕਿ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਨਿਯਮਿਤ ਤੌਰ 'ਤੇ ਨਾ ਮਾਪਣਾ ਬਿਹਤਰ ਹੋ ਸਕਦਾ ਹੈ। ਪਰ ਇਹ ਛੋਟੇ ਅਧਿਐਨ ਇਹ ਟੈਸਟ ਕਰਨ ਦੇ ਯੋਗ ਨਹੀਂ ਸਨ ਕਿ ਕੀ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਨਿਯਮਿਤ ਤੌਰ 'ਤੇ ਨਾ ਮਾਪਣਾ ਨੈਕਰੋਟਾਈਜ਼ਿੰਗ ਐਂਟਰੋਕੋਲਿਟਿਸ (NEC) ਦਾ ਪਤਾ ਲਾਉਣਾ ਵਧੇਰੇ ਮੁਸ਼ਕਿਲ ਬਣਾ ਦਿੰਦਾ ਹੈ। ਇਸ ਲਈ ਇਹ ਜਾਂਚ ਕਰਨ ਲਈ ਕਿ ਕੀ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਨਿਯਮਿਤ ਤੌਰ 'ਤੇ ਮਾਪਣਾ ਸੁਰੱਖਿਅਤ ਹੈ ਜਾਂ ਨੁਕਸਾਨਦੇਹ, ਸਾਨੂੰ ਸਮੇਂ ਤੋਂ ਪਹਿਲਾਂ ਜਨਮੇ ਹਜ਼ਾਰਾਂ ਬੱਚਿਆਂ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੈ। neoGASTRIC ਅਧਿਐਨ ਇਸ ਸਵਾਲ ਦਾ ਜਵਾਬ ਉਹਨਾਂ ਬੱਚਿਆਂ ਜਿੰਨ੍ਹਾਂ ਦੇ ਨਿਯਮਿਤ ਗੈਸਟ੍ਰਿਕ ਮਾਪ ਹੁੰਦੇ ਹਨ ਦੀ ਤੁਲਨਾ ਮਾਪ ਨਾ ਕੀਤੇ ਜਾਣ ਵਾਲਿਆਂ ਨਾਲ ਕਰਕੇ ਦੇਵੇਗਾ, ਜਿੱਥੇ ਇਹ ਦੇਖਿਆ ਜਾਵੇਗਾ ਕਿ ਕੀ ਉਹ ਨੈਕਰੋਟਾਈਜ਼ਿੰਗ ਐਂਟਰੋਕੋਲਿਟਿਸ (NEC) ਹੋਣ ਦੀ ਸੰਭਾਵਨਾ ਨੂੰ ਵਧਾਏ ਬਗੈਰ ਪੂਰੀ ਖੁਰਾਕ ਤੱਕ ਜਲਦੀ ਪਹੁੰਚ ਸਕਦੇ ਹਨ। ਇਹ ਜਾਣਨਾ ਮਹੱਤਵਪੂਰਨ ਹੈ ਕਿ ਗੈਸਟ੍ਰਿਕ ਦੀਆਂ ਵੱਡੀਆਂ ਮਾਤਰਾਵਾਂ ਦਾ ਹਮੇਸ਼ਾ ਇਹ ਮਤਲਬ ਨਹੀਂ ਹੁੰਦਾ ਕਿ ਕਿਸੇ ਬੱਚੇ ਨੂੰ ਨੈਕਰੋਟਾਈਜ਼ਿੰਗ ਐਂਟਰੋਕੋਲਿਟਿਸ (NEC) ਹੈ। ਅਸੀਂ ਇਹ ਅਧਿਐਨ ਇਸ ਲਈ ਕਰ ਰਹੇ ਹਾਂ ਕਿਉਂਕਿ ਹੋ ਸਕਦਾ ਹੈ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਨਿਯਮਿਤ ਤੌਰ 'ਤੇ ਮਾਪਣਾ ਇਹ ਜਾਣਨ ਦਾ ਸਭ ਤੋਂ ਵਧੀਆ ਤਰੀਕਾ ਨਾ ਹੋਵੇ ਕਿ ਕਿਸੇ ਬੱਚੇ ਨੂੰ ਨੈਕਰੋਟਾਈਜ਼ਿੰਗ ਐਂਟਰੋਕੋਲਿਟਿਸ (NEC) ਦਾ ਖਤਰਾ ਹੈ। ਤੁਹਾਡੇ ਬੱਚੇ ਦੀ ਨਿਯਮਿਤ ਜਾਂਚ ਅਤੇ ਉਹਨਾਂ ਦੇ ਦਿਲ ਦੀ ਧੜਕਨ ਅਤੇ ਹੋਰ ਚਿੰਨ੍ਹਾਂ ਨੂੰ ਦੇਖਕੇ ਡਾਕਟਰ ਅਤੇ ਨਰਸਾਂ ਫੇਰ ਵੀ ਨੈਕਰੋਟਾਈਜ਼ਿੰਗ ਐਂਟਰੋਕੋਲਿਟਿਸ (NEC) ਦੇ ਚਿੰਨ੍ਹਾਂ ਲਈ ਨੇੜਿਓਂ ਨਿਗਰਾਨੀ ਕਰਨਗੇ।

## ਮੇਰੇ ਬੱਚੇ ਦੀ ਚੋਣ ਕਿਉਂ ਕੀਤੀ ਗਈ ਹੈ?

ਅਸੀਂ 6 ਜਾਂ ਵਧੇਰੇ ਹਫਤੇ ਪਹਿਲਾਂ ਪੈਦਾ ਹੋਏ (ਗਰਭਅਵਸਥਾ ਦੇ 34 ਹਫਤਿਆਂ ਤੋਂ ਪਹਿਲਾਂ) ਸਾਰੇ ਬੱਚਿਆਂ ਨੂੰ ਸ਼ਾਮਲ ਕਰ ਰਹੇ ਹਾਂ ਜਿੰਨ੍ਹਾਂ ਨੂੰ ਟਿਊਬ ਫੀਡਿੰਗ ਦੀ ਲੋੜ ਪੈਂਦੀ ਹੈ, ਜਦੋਂ ਤੱਕ ਕਿ ਕੋਈ ਹੋਰ ਡਾਕਟਰੀ ਕਾਰਨ ਨਾ ਹੋਵੇ ਜਿਸ ਕਰਕੇ ਉਹਨਾਂ ਨੂੰ ਭਾਗ ਨਹੀਂ ਲੈਣਾ ਚਾਹੀਦਾ। ਅਸੀਂ ਅਧਿਐਨ ਵਿੱਚ ਸਮੁੱਚੇ ਤੌਰ 'ਤੇ 7000 ਤੋਂ ਵਧੇਰੇ ਬਾਲਾਂ ਨੂੰ ਸ਼ਾਮਲ (ਯੂਕੇ ਅਤੇ ਆਸਟਰੇਲੀਆ ਦੋਵਾਂ ਵਿੱਚ) ਕਰਨ ਦੀ ਉਮੀਦ ਕਰਦੇ ਹਾਂ।

## ਕੀ ਮੇਰੇ ਬੱਚੇ ਨੂੰ ਭਾਗ ਲੈਣਾ ਪਵੇਗਾ?

ਨਹੀਂ, NeoGASTRIC ਅਜਿਹਾ ਅਧਿਐਨ ਹੈ ਜਿਸ ਵਿੱਚੋਂ ਬਾਹਰ ਨਿਕਲਣ ਦੀ ਚੋਣ ਕਰ ਸਕਦੇ ਹੋ। ਇਸ ਦਾ ਮਤਲਬ ਹੈ ਕਿ ਸਾਰੇ ਬੱਚੇ ਉਦੋਂ ਤੱਕ ਭਾਗ ਲੈਣਗੇ ਜਦੋਂ ਤੱਕ ਤੁਸੀਂ ਨੀਓਨੇਟਲ ਟੀਮ ਦੇ ਕਿਸੇ ਮੈਂਬਰ ਨੂੰ ਇਹ ਨਹੀਂ ਦੱਸਦੇ ਕਿ ਤੁਸੀਂ **ਨਹੀਂ ਚਾਹੁੰਦੇ** ਕੀ ਤੁਹਾਡਾ ਬੱਚਾ ਭਾਗ ਲਵੇ।

## ਜੇ ਮੈਂ ਨਹੀਂ ਚਾਹੁੰਦਾ/ਦੀ ਕਿ ਮੇਰਾ ਬੱਚਾ ਭਾਗ ਲਵੇ ਤਾਂ ਮੈਂ ਕੀ ਕਰਾਂ?

ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਬੱਚਾ neoGASTRIC ਵਿੱਚ ਭਾਗ ਲਵੇ, ਤਾਂ ਕਿਰਪਾ ਕਰਕੇ ਨੀਓਨੇਟਲ ਟੀਮ ਦੇ ਕਿਸੇ ਮੈਂਬਰ ਨੂੰ ਸੂਚਿਤ ਕਰੋ। ਤੁਹਾਡਾ ਬੱਚਾ ਉਸ ਯੂਨਿਟ ਦੀ ਨਿਯਮਿਤ ਦੇਖਭਾਲ ਪ੍ਰਾਪਤ ਕਰਨਾ ਜਾਰੀ ਰੱਖੇਗਾ।

## ਜੇ ਮੈਂ ਚਾਹੁੰਦਾ/ਦੀ ਹਾਂ ਕਿ ਮੇਰਾ ਬੱਚਾ ਭਾਗ ਲਵੇ ਤਾਂ ਕੀ ਹੋਵੇਗਾ?

ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੈ। ਭਾਗ ਲੈ ਰਹੇ ਸਾਰੇ ਬੱਚਿਆਂ ਨੂੰ ਬੇਤਰਤੀਬੇ ਢੰਗ ਨਾਲ ਨਿਯਮਿਤ ਤੌਰ 'ਤੇ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਦੇ ਮਾਪ ਲੈਣ ਵਾਲੇ, ਜਾਂ ਫਿਰ ਨਿਯਮਿਤ ਤੌਰ 'ਤੇ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਦੇ ਮਾਪ ਨਹੀਂ ਲਏ ਜਾਣ ਵਾਲਿਆਂ ਵਿੱਚ ਵੰਡਿਆ ਜਾਵੇਗਾ। ਇਸਦਾ ਫੈਸਲਾ ਚਾਣਚੱਕ ਕੀਤਾ ਜਾਵੇਗਾ: ਬੱਚਿਆਂ ਦੇ ਕਿਸੇ ਵੀ ਗਰੁੱਪ ਵਿੱਚ ਹੋਣ ਦੀ ਬਰਾਬਰ ਸੰਭਾਵਨਾ ਹੋਵੇਗੀ।

ਜੇ ਤੁਹਾਡਾ ਬੱਚਾ neoGASTRIC ਵਿੱਚ ਭਾਗ ਲੈਂਦਾ ਹੈ ਤਾਂ ਅਸੀਂ ਤੁਹਾਡੇ ਬੱਚੇ ਦੀ ਦੇਖਭਾਲ ਕਰ ਰਹੀ ਟੀਮ ਨੂੰ ਦੋ ਚੀਜ਼ਾਂ ਵਿੱਚੋਂ ਇੱਕ ਕਰਨ ਲਈ ਕਹਾਂਗੇ: ਜਾਂ ਤਾਂ ਹਰ ਕੁਝ ਘੰਟਿਆਂ ਬਾਅਦ ਨਿਯਮਿਤ ਤੌਰ 'ਤੇ ਗੈਸਟਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਮਾਪਣ ਲਈ, ਜਾਂ ਅਜਿਹਾ ਨਾ ਕਰਨ ਲਈ। ਦੁੱਧ ਪਿਲਾਉਣ ਅਤੇ ਸੰਭਾਲ ਨਾਲ ਸਬੰਧਿਤ ਹੋਰ ਸਾਰੇ ਦਿਨ-ਪ੍ਰਤੀ-ਦਿਨ ਦੇ ਫੈਸਲੇ ਤੁਹਾਡੇ ਬੱਚੇ ਦੀ ਦੇਖਭਾਲ ਕਰ ਰਹੇ ਡਾਕਟਰਾਂ ਅਤੇ ਨਰਸਾਂ ਵੱਲੋਂ ਕੀਤੇ ਜਾਣਗੇ।

**ਤੁਹਾਡਾ ਬੱਚਾ ਕਿਸੇ ਵੀ ਗਰੁੱਪ ਵਿੱਚ ਹੋਵੇ, ਉਸਦੀ ਗੈਸਟ੍ਰਿਕ ਟਿਊਬ ਦੀ ਸਥਿਤੀ ਦੀ ਪੁਸ਼ਟੀ ਕਰਨ ਲਈ, ਫੀਡਿੰਗ ਤੋਂ ਪਹਿਲਾਂ ਹਮੇਸ਼ਾਂ ਦੁੱਧ ਦੀ ਥੋੜ੍ਹੀ ਜਿਹੀ ਮਾਤਰਾ ਨੂੰ ਚੂਸ ਕੇ ਟਿਊਬ ਦੀ ਸਥਿਤੀ ਦੀ ਜਾਂਚ ਕੀਤੀ ਜਾਵੇਗੀ।**

neoGASTRIC ਵਿੱਚ ਭਾਗ ਲੈ ਰਹੇ ਬੱਚਿਆਂ ਦੇ ਕੋਈ ਹੋਰ ਵਾਧੂ ਟੈਸਟ ਨਹੀਂ ਕੀਤੇ ਜਾਣਗੇ ਅਤੇ ਤੁਹਾਡੇ ਬੱਚੇ ਦੀ ਦੇਖਭਾਲ ਉਸੇ ਤਰ੍ਹਾਂ ਕੀਤੀ ਜਾਵੇਗੀ ਜਿਵੇਂ ਕਿਸੇ ਅਜਿਹੇ ਸਮੇਂ ਤੋਂ ਪਹਿਲਾਂ ਜਨਮੇ ਬੱਚੇ ਦੀ ਹੋਵੇਗੀ ਜੋ ਅਧਿਐਨ ਵਿੱਚ ਭਾਗ ਨਹੀਂ ਲੈ ਰਿਹਾ।

ਭਾਗ ਲੈਣ ਲਈ ਕੋਈ ਭੁਗਤਾਨ ਜਾਂ ਖ਼ਰਚਿਆਂ ਦਾ ਮੁੜ-ਭੁਗਤਾਨ ਨਹੀਂ ਕੀਤਾ ਜਾਵੇਗਾ।

ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਅਧਿਐਨ ਵਿੱਚ ਤੁਹਾਡੇ ਬੱਚੇ ਬਾਰੇ ਕੋਈ ਅਣਕਿਆਸੀ ਚੀਜ਼ ਪਾਈ ਜਾਵੇਗੀ ਕਿਉਂਕਿ ਅਧਿਐਨ ਵਿੱਚ ਕੋਈ ਵੀ ਹੋਰ ਵਾਧੂ ਟੈਸਟ ਨਹੀਂ ਕੀਤੇ ਜਾਣਗੇ। ਜੇ ਕੋਈ ਅਣਕਿਆਸੀ ਚੀਜ਼ ਪਾਈ ਜਾਂਦੀ ਹੈ ਤਾਂ ਅਸੀਂ ਤੁਰੰਤ ਤੁਹਾਡੇ ਬੱਚੇ ਦੀ ਦੇਖਭਾਲ ਕਰ ਰਹੀ ਕਲੀਨਿਕੀ ਟੀਮ ਨੂੰ ਦੱਸਾਂਗੇ।

## ਕੀ ਮੈਂ ਆਪਣਾ ਮਨ ਬਦਲ ਸਕਦਾ/ਦੀ ਹਾਂ?

ਹਾਂ – ਤੁਸੀਂ ਜੋ ਵੀ ਫੈਸਲਾ ਕਰਦੇ ਹੋ, ਤੁਹਾਡੇ ਬੱਚੇ ਦੀ ਦੇਖਭਾਲ ਪ੍ਰਭਾਵਿਤ ਨਹੀਂ ਹੋਵੇਗੀ। ਜੇ ਤੁਸੀਂ ਅਧਿਐਨ ਤੋਂ ਬਾਹਰ ਹੋਣ ਦੀ ਚੋਣ ਕਰਦੇ ਹੋ ਤਾਂ ਬਦਕਿਸਮਤੀ ਨਾਲ ਅਸੀਂ ਬਾਅਦ ਵਿੱਚ ਕਿਸੇ ਵੀ ਸਮੇਂ 'ਤੇ ਇਹਨਾਂ ਨੂੰ ਦੁਬਾਰਾ ਦਾਖਲ ਕਰਨ ਦੇ ਯੋਗ ਨਹੀਂ ਹੋਵਾਂਗੇ। ਜੇ ਤੁਹਾਡੇ ਬੱਚੇ ਨੂੰ neoGASTRIC ਵਿੱਚ ਦਾਖਲ ਕੀਤੇ ਜਾਣ ਤੋਂ ਬਾਅਦ ਤੁਸੀਂ ਆਪਣਾ ਮਨ ਬਦਲ ਲੈਂਦੇ ਹੋ ਅਤੇ ਹੁਣ ਆਪਣੇ ਬੱਚੇ ਦੇ ਭਾਗ ਲੈਣ ਦੀ ਇੱਛਾ ਨਹੀਂ ਕਰਦੇ, ਤਾਂ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਨਿਯਮਿਤ ਤੌਰ 'ਤੇ ਮਾਪਣਾ ਹੈ ਜਾਂ ਨਹੀਂ, ਇਸ ਬਾਰੇ ਫੈਸਲਾ ਵਾਪਸ ਕਲੀਨਿਕੀ ਟੀਮ ਕੋਲ ਆ ਜਾਵੇਗਾ। ਅਸੀਂ ਪੁੱਛਾਂਗੇ ਕਿ ਕੀ ਤੁਸੀਂ ਸਾਡੇ ਵੱਲੋਂ ਤੁਹਾਡੇ ਬੱਚੇ ਬਾਰੇ ਡੇਟਾ ਇਕੱਤਰ ਕਰਨਾ ਜਾਰੀ ਰੱਖਣ ਨਾਲ ਸਹਿਮਤ ਹੋ। ਤੁਸੀਂ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਸਮੇਂ ਅਧਿਐਨ ਦਾ ਹਿੱਸਾ ਬਣਨਾ ਬੰਦ ਕਰ ਸਕਦੇ ਹੋ, ਪਰ ਅਸੀਂ ਤੁਹਾਡੇ ਬਾਰੇ ਉਹ ਜਾਣਕਾਰੀ ਰੱਖਾਂਗੇ ਜੋ ਸਾਡੇ ਕੋਲ ਪਹਿਲਾਂ ਤੋਂ ਮੌਜੂਦ ਹੈ ਕਿਉਂਕਿ ਤੁਹਾਡੇ ਅੰਕੜਿਆਂ ਦੀ ਵਰਤੋਂ ਕਰਕੇ ਕੁਝ ਖੋਜ ਪਹਿਲਾਂ ਹੀ ਹੋ ਚੁੱਕੀ ਹੋ ਸਕਦੀ ਹੈ ਅਤੇ ਇਸਨੂੰ ਮਿਟਾਇਆ ਨਹੀਂ ਜਾ ਸਕਦਾ।

ਜੇ ਤੁਸੀਂ ਅਧਿਐਨ ਵਿੱਚ ਭਾਗ ਲੈਣਾ ਬੰਦ ਕਰਨ ਦੀ ਚੋਣ ਕਰਦੇ ਹੋ, ਤਾਂ ਅਸੀਂ ਕੇਂਦਰੀ NHS ਰਿਕਾਰਡਾਂ ਤੋਂ ਤੁਹਾਡੇ ਬੱਚੇ ਦੀ ਸਿਹਤ ਬਾਰੇ ਜਾਣਕਾਰੀ ਇਕੱਤਰ ਕਰਨਾ ਜਾਰੀ ਰੱਖਣਾ ਚਾਹਾਂਗੇ। ਜੇ ਤੁਸੀਂ ਨਹੀਂ ਚਾਹੁੰਦੇ ਕਿ ਅਜਿਹਾ ਕੀਤਾ ਜਾਵੇ, ਤਾਂ ਸਾਨੂੰ ਦੱਸੋ ਅਤੇ ਅਸੀਂ ਇਸਨੂੰ ਬੰਦ ਕਰ ਦੇਵਾਂਗੇ। ਇਹ ਤੁਹਾਡੇ ਬੱਚੇ ਵੱਲੋਂ ਵੱਖਰੇ ਤੌਰ 'ਤੇ ਪ੍ਰਾਪਤ ਕੀਤੀ ਜਾ ਰਹੀ ਕਿਸੇ ਵੀ ਸਿਹਤ-ਸੰਭਾਲ ਜਾਂ ਸਹਾਇਤਾ ਨੂੰ ਪ੍ਰਭਾਵਿਤ ਨਹੀਂ ਕਰੇਗਾ।

ਖੋਜ ਨੂੰ ਭਰੋਸੇਯੋਗ ਬਣਾਉਣ ਲਈ ਸਾਨੂੰ ਤੁਹਾਡੇ ਰਿਕਾਰਡਾਂ ਨੂੰ ਖਾਸ ਤਰੀਕਿਆਂ ਨਾਲ ਪ੍ਰਬੰਧਿਤ ਕਰਨ ਦੀ ਲੋੜ ਹੁੰਦੀ ਹੈ। ਇਸਦਾ ਮਤਲਬ ਇਹ ਹੈ ਕਿ ਅਸੀਂ ਤੁਹਾਡੇ ਬਾਰੇ ਸਾਡੇ ਕੋਲ ਰੱਖੇ ਡੇਟਾ ਨੂੰ ਦੇਖਣ ਜਾਂ ਬਦਲਣ ਦੀ ਆਗਿਆ ਦੇਣ ਦੇ ਯੋਗ ਨਹੀਂ ਹੋਵਾਂਗੇ ਜੇਕਰ ਇਹ ਵਿਆਪਕ ਅਧਿਐਨ ਜਾਂ ਇਕੱਤਰ ਕੀਤੇ ਡੇਟਾ ਦੀ ਸਟੀਕਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

## ਭਾਗ ਲੈਣ ਦੇ ਸੰਭਾਵਿਤ ਲਾਭ ਅਤੇ ਜੋਖਮ ਕੀ ਹਨ?

ਵਰਤਮਾਨ ਵਿੱਚ neoGASTRIC ਦੀਆਂ ਦੋਵੇਂ ਪਹੁੰਚਾਂ ਦੀ ਯੂਕੇ ਅਤੇ ਆਸਟਰੇਲੀਆ ਵਿੱਚ ਨਿਯਮਿਤ ਵਰਤੋਂ ਕੀਤੀ ਜਾਂਦੀ ਹੈ, ਇਸ ਲਈ ਸਾਡਾ ਮੰਨਣਾ ਹੈ ਕਿ neoGASTRIC ਵਿੱਚ ਭਾਗ ਲੈਣ ਦੇ ਕੋਈ ਵਧੀਕ ਖਤਰੇ ਜਾਂ ਲਾਭ ਨਹੀਂ ਹਨ। ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਨਿਯਮਿਤ ਤੌਰ 'ਤੇ ਨਾ ਮਾਪਣ ਦਾ ਸਿੱਟਾ ਬੱਚਿਆਂ ਦੇ ਸੰਪੂਰਨ ਭੋਜਨਾਂ ਤੱਕ ਵਧੇਰੇ ਜਲਦੀ ਪਹੁੰਚਣ ਦੇ ਰੂਪ ਵਿੱਚ ਨਿਕਲ ਸਕਦਾ ਹੈ ਜੋ ਲਾਗਾਂ ਦੇ ਖਤਰੇ ਨੂੰ ਘੱਟ ਕਰ ਸਕਦਾ ਹੈ – ਪਰ ਸਾਨੂੰ ਇਹ ਸਿਰਫ਼ ਉਦੋਂ ਹੀ ਪਤਾ ਚੱਲੇਗਾ ਜਦੋਂ ਅਸੀਂ neoGASTRIC ਅਧਿਐਨ ਨੂੰ ਸਮਾਪਤ ਕਰਾਂਗੇ। ਅਸੀਂ ਨਹੀਂ ਸੋਚਦੇ ਕਿ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਨਿਯਮਿਤ ਤੌਰ 'ਤੇ ਨਾ ਮਾਪਣ ਕਰਕੇ ਨੈਕਰੋਟਾਈਜ਼ਿੰਗ ਐਂਟਰੋਕੋਲਿਟਿਸ(NEC) ਦਾ ਵਧੇਰੇ ਖਤਰਾ ਹੋਵੇਗਾ ਕਿਉਂਕਿ ਜਿਹੜੇ ਦੇਸ਼ ਨਿਯਮਿਤ ਤੌਰ 'ਤੇ ਅਜਿਹਾ ਨਹੀਂ ਕਰਦੇ, ਜਿਵੇਂ ਕਿ ਫਰਾਂਸ, ਉਹਨਾਂ ਕੋਲ ਨੈਕਰੋਟਾਈਜ਼ਿੰਗ ਐਂਟਰੋਕੋਲਿਟਿਸ ਦੀਆਂ ਯੂਕੇ ਜਿੰਨੀਆਂ ਹੀ ਮਾਤਰਾਵਾਂ ਹੁੰਦੀਆਂ ਹਨ। ਡਾਕਟਰ ਅਤੇ ਨਰਸਾਂ ਤੁਹਾਡੇ ਬੱਚੇ ਦੀਆਂ ਨਿਯਮਿਤ ਜਾਂਚਾਂ ਕਰਨ ਅਤੇ ਉਹਨਾਂ ਦੇ ਦਿਲ ਦੀ ਧੜਕਨ ਅਤੇ ਹੋਰ ਚਿੰਨ੍ਹਾਂ 'ਤੇ ਨੇੜਿਓਂ ਨਜ਼ਰ ਰੱਖਣ ਰਾਹੀਂ ਨੈਕਰੋਟਾਈਜ਼ਿੰਗ ਐਂਟਰੋਕੋਲਿਟਿਸ (NEC) ਲਈ ਦੇਖਣਾ ਜਾਰੀ ਰੱਖਣਗੇ।



## ਮੇਰਾ ਬੱਚਾ ਅਧਿਐਨ ਵਿੱਚ ਕਿੰਨਾ ਸਮਾਂ ਰਹੇਗਾ?

ਜੇਕਰ ਤੁਸੀਂ ਬਾਹਰ ਨਿਕਲਣ ਦੀ ਚੋਣ ਨਹੀਂ ਕਰਦੇ, ਤਾਂ ਟਿਊਬ ਫੀਡ ਸ਼ੁਰੂ ਕਰਨ ਦੇ 24 ਘੰਟਿਆਂ ਦੇ ਅੰਦਰ ਤੁਹਾਡੇ ਬੱਚੇ ਨੂੰ ਅਧਿਐਨ ਵਿੱਚ ਦਾਖਲ ਕਰ ਲਿਆ ਜਾਵੇਗਾ। ਅਸੀਂ ਤੁਹਾਡੇ ਬੱਚੇ ਬਾਰੇ ਜਾਣਕਾਰੀ ਇਕੱਠੀ ਕਰਨਾ ਜਾਰੀ ਰੱਖਾਂਗੇ – ਜਿਵੇਂ ਕਿ ਜੇ ਉਸਨੂੰ ਕੋਈ ਲਾਗ ਲੱਗ ਜਾਂਦੀ ਹੈ ਜਾਂ ਨੈਕਰੋਟਾਈਜ਼ਿੰਗ ਐਂਟਰੋਕੋਲਿਟਿਸ (NEC) ਹੋ ਜਾਂਦੀ ਹੈ ਜਦੋਂ ਤੱਕ ਕਿ ਉਹ ਆਪਣੀ ਪੈਦਾ ਹੋਣ ਦੀ ਤੈਅ ਤਾਰੀਖ਼ ਤੋਂ 4 ਹਫਤਿਆਂ ਬਾਅਦ ਤੱਕ ਨਹੀਂ ਪਹੁੰਚ ਜਾਂਦੇ ਜਾਂ ਉਹਨਾਂ ਨੂੰ ਛੁੱਟੀ ਦੇ ਕੇ ਘਰ ਨਹੀਂ ਭੇਜ ਦਿੱਤਾ ਜਾਂਦਾ।

## ਜੇ ਕੋਈ ਸਬੰਧਿਤ ਨਵੀਂ ਜਾਣਕਾਰੀ ਉਪਲਬਧ ਹੋ ਜਾਂਦੀ ਹੈ ਤਾਂ ਕੀ ਹੋਵੇਗਾ?

ਜੇ ਅਧਿਐਨ ਦੌਰਾਨ ਕੋਈ ਵੀ ਅਜਿਹੀ ਜਾਣਕਾਰੀ ਉਪਲਬਧ ਹੋ ਜਾਂਦੀ ਹੈ ਜੋ ਤੁਹਾਨੂੰ ਆਪਣੇ ਬੱਚੇ ਦੀ ਸ਼ਮੂਲੀਅਤ ਬਾਰੇ ਆਪਣਾ ਮਨ ਬਦਲਣ ਲਈ ਮਜ਼ਬੂਰ ਕਰ ਸਕਦੀ ਹੈ ਤਾਂ neoGASTRIC ਵੈੱਬਸਾਈਟ ਨੂੰ ਅੱਪਡੇਟ ਕੀਤਾ ਜਾਵੇਗਾ।

## ਜਦੋਂ ਖੋਜ ਅਧਿ ਐਨ ਬੰਦ ਹੋ ਜਾਂਦਾ ਹੈ ਤਾਂ ਕੀ ਹੋਵੇਗਾ?

ਅਧਿਐਨ ਦੇ ਅੰਤ 'ਤੇ, ਇਸ ਬਾਰੇ ਫੈਸਲਾ ਕਿ ਕੀ ਗੈਸਟ੍ਰਿਕ ਦੀਆਂ ਬਚੀਆਂ ਹੋਈਆਂ ਮਾਤਰਾਵਾਂ ਨੂੰ ਨਿਯਮਿਤ ਤੌਰ 'ਤੇ ਮਾਪਣਾ ਹੈ, ਵਾਪਸ ਕਲੀਨਿਕੀ ਟੀਮ ਕੋਲ ਆ ਜਾਵੇਗਾ।

## ਅਸੀਂ ਤੁਹਾਡੇ ਬੱਚੇ ਬਾਰੇ ਜਾਣਕਾਰੀ ਦੀ ਵਰਤੋਂ ਕਿਵੇਂ ਕਰਾਂਗੇ?

ਇਸ ਖੋਜ ਪ੍ਰੋਜੈਕਟ ਲਈ ਸਾਨੂੰ ਤੁਹਾਡੇ ਬੱਚੇ ਦੇ ਡਾਕਟਰੀ ਰਿਕਾਰਡਾਂ ਤੋਂ ਮਿਲੀ ਜਾਣਕਾਰੀ ਦੀ ਵਰਤੋਂ ਕਰਨ ਦੀ ਲੋੜ ਪਵੇਗੀ। ਇਸ ਜਾਣਕਾਰੀ ਵਿੱਚ ਤੁਹਾਡਾ ਨਾਮ, ਤੁਹਾਡਾ ਪਤਾ, ਤੁਹਾਡੀ ਉਮਰ ਅਤੇ ਨਸਲੀ ਮੂਲ, ਤੁਹਾਡੇ ਬੱਚੇ ਦਾ ਨਾਮ ਅਤੇ ਤੁਹਾਡੇ ਬੱਚੇ ਦਾ NHS ਨੰਬਰ ਅਤੇ ਜਨਮ ਮਿਤੀ ਸ਼ਾਮਲ ਹੋਵੇਗੀ। ਅਸੀਂ ਭਵਿੱਖ ਵਿੱਚ ਤੁਹਾਡੇ ਬੱਚੇ ਦੀ ਪ੍ਰਗਤੀ 'ਤੇ ਨਜ਼ਰ ਰੱਖਣ ਲਈ ਤੁਹਾਡੇ ਬੱਚੇ ਲਈ ਰੱਖੇ ਗਏ ਨਿਯਮਿਤ ਤੌਰ 'ਤੇ ਇਕੱਤਰ ਕੀਤੇ ਕੌਮੀ ਰਿਕਾਰਡਾਂ ਨਾਲ ਵੀ ਜੋੜਾਂਗੇ। ਇਹਨਾਂ ਡੇਟਾਬੇਸਾਂ ਵਿੱਚ ਸ਼ਾਮਲ ਹਨ ਨੈਸ਼ਨਲ ਨੀਓਨੇਟਲ ਰਿਸਰਚ ਡੇਟਾਬੇਸ, ਹਾਸਪੀਟਲ ਐਪੀਸੋਡ ਸਟੈਟਿਸਟਿਕਸ ਅਤੇ ਨੈਸ਼ਨਲ ਪਿਊਪਲ ਡੇਟਾਬੇਸ। ਤੁਸੀਂ ਟ੍ਰਾਇਲ ਟੀਮ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰਕੇ ਇਸ ਡੇਟਾ ਲਿੰਕੇਜ ਤੋਂ ਬਾਹਰ ਹੋਣ ਦੀ ਚੋਣ ਕਰ ਸਕਦੇ ਹੋ।

ਇਮਪੀਰੀਅਲ ਕਾਲਜ ਲੰਡਨ ਵਿਚਲੇ ਲੋਕ ਅਤੇ ਉਹਨਾਂ ਦੀ ਅਧਿਐਨ ਟੀਮ ਇਸ ਜਾਣਕਾਰੀ ਦੀ ਵਰਤੋਂ ਖੋਜ ਕਰਨ ਲਈ ਜਾਂ ਇਹ ਯਕੀਨੀ ਬਣਾਉਣ ਲਈ ਤੁਹਾਡੇ ਰਿਕਾਰਡਾਂ ਦੀ ਜਾਂਚ ਕਰਨ ਲਈ ਕਰਨਗੇ ਕਿ ਖੋਜ ਨੂੰ ਉਚਿਤ ਤਰੀਕੇ ਨਾਲ ਕੀਤਾ ਜਾ ਰਿਹਾ ਹੈ ਅਤੇ ਰੱਖੀ ਗਈ ਜਾਣਕਾਰੀ (ਜਿਵੇਂ ਕਿ ਸੰਪਰਕ ਵਿਸਥਾਰ) ਸਹੀ ਹੈ।

ਅਸੀਂ ਤੁਹਾਡੇ ਬਾਰੇ ਸਾਰੀ ਜਾਣਕਾਰੀ ਸੁਰੱਖਿਅਤ ਅਤੇ ਮਹਿਫੂਜ਼ ਰੱਖਾਂਗੇ। ਇਸ ਜਾਣਕਾਰੀ ਨੂੰ ਆਕਸਫੋਰਡ ਯੂਨੀਵਰਸਿਟੀ ਵਿਖੇ ਸਟੱਡੀ ਕੋਆਰਡੀਨੇਟਿੰਗ ਸੈਂਟਰ, ਨੈਸ਼ਨਲ ਪੇਰੀਨੇਟਲ ਐਪੀਡੇਮਿਓਲੋਜੀ ਯੂਨਿਟ ਕਲੀਨਿਕਲ ਟਰਾਇਲਜ਼ ਯੂਨਿਟ (NPEU CTU) ਨੂੰ ਭੇਜਿਆ ਜਾਵੇਗਾ। ਸਿਰਫ਼ ਖੋਜ ਟੀਮ, ਆਕਸਫੋਰਡ ਵਿੱਚ ਅਧਿਐਨ ਆਯੋਜਕ ਅਤੇ ਸਰਪ੍ਰਸਤ ਜਾਂ ਅਧਿਨਿਯਮਕ ਅਥਾਰਟੀਆਂ ਦੇ ਲੋਕ (ਜੋ ਇਸ ਤਰਾਂ ਦੇ ਅਧਿਐਨਾਂ ਦੀ ਜਾਂਚ ਕਰਦੇ ਹਨ) ਹੀ ਤੁਹਾਡੇ ਡੇਟਾ ਨੂੰ ਦੇਖਣਗੇ। ਆਕਸਫੋਰਡ ਵਿੱਚ ਤਾਲਮੇਲ ਕੇਂਦਰ ਇਸ ਅਧਿਐਨ ਤੋਂ ਮਿਲਣ ਵਾਲੀ ਸ਼ਨਾਖਤਯੋਗ ਜਾਣਕਾਰੀ ਨੂੰ ਅਧਿਐਨ ਦੇ ਸਮਾਪਤ ਹੋਣ ਤੋਂ ਬਾਅਦ 25 ਸਾਲਾਂ ਤੱਕ ਸਾਂਭ ਕੇ ਰੱਖੇਗਾ।

ਜਦੋਂ ਅਸੀਂ ਅਧਿਐਨ ਪੂਰਾ ਕਰ ਲਵਾਂਗੇ, ਤਾਂ ਅਸੀਂ ਕੁਝ ਡੇਟਾ ਨੂੰ ਰੱਖਾਂਗੇ ਤਾਂ ਜੋ ਅਸੀਂ ਨਤੀਜਿਆਂ ਦੀ ਜਾਂਚ ਕਰ ਸਕੀਏ। ਅਸੀਂ ਆਪਣੀਆਂ ਰਿਪੋਰਟਾਂ ਇਸ ਤਰੀਕੇ ਨਾਲ ਲਿਖਾਂਗੇ ਕਿ ਕੋਈ ਵੀ ਇਹ ਪਤਾ ਨਾ ਲਗਾ ਸਕੇ ਕਿ ਤੁਸੀਂ ਅਧਿਐਨ ਵਿੱਚ ਹਿੱਸਾ ਲਿਆ ਸੀ।

ਸਾਡੇ ਵੱਲੋਂ ਤੁਹਾਡੇ ਬੱਚੇ ਦੇ ਡੇਟਾ ਨੂੰ ਪ੍ਰੋਸੈਸ ਕਰਨ ਅਤੇ ਉਸ ਦੀ ਰੱਖਿਆ ਕਰਨ ਦੇ ਤਰੀਕੇ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ: ***www.npeu.ox.ac.uk/neogastric*** ਦੇਖੋ।

ਅਗਲੇਰੀ ਜਾਣਕਾਰੀ ਨੂੰ NHS ਹੈਲਥ ਰਿਸਰਚ ਅਥਾਰਟੀ ਦੀ ਵੈੱਬਸਾਈਟ 'ਤੇ ਵੀ ਦੇਖਿਆ ਜਾ ਸਕਦਾ ਹੈ:

***https://www.hra.nhs.uk/planning-and-improving-research/policies-standards-legislation/data-protection-and-information-governance/gdpr-guidance/templates/template-wording-for-generic-information-document/***

ਇਮਪੀਰੀਅਲ ਕਾਲਜ ਲੰਡਨ ਇਸ ਅਧਿਐਨ ਦਾ ਸਰਪ੍ਰਸਤ ਹੈ ਅਤੇ ਇਹ ਇਸ ਅਧਿਐਨ ਲਈ ਡੇਟਾ ਕੰਟਰੋਲਰ ਵਜੋਂ ਕਾਰਜ ਕਰੇਗਾ। ਇਸਦਾ ਮਤਲਬ ਇਹ ਹੈ ਕਿ ਅਸੀਂ ਤੁਹਾਡੀ ਜਾਣਕਾਰੀ ਦੀ ਦੇਖਭਾਲ ਕਰਨ ਅਤੇ ਇਸਨੂੰ ਉਚਿਤ ਤਰੀਕੇ ਨਾਲ ਵਰਤਣ ਲਈ ਜ਼ਿੰਮੇਵਾਰ ਹਾਂ। ਪ੍ਰਾਇਮਰੀ ਖੋਜ ਡੇਟਾ ਦੇ ਸਬੰਧ ਵਿੱਚ ਅਧਿਐਨ ਦੇ ਪੂਰਾ ਹੋ ਜਾਣ ਤੋਂ ਬਾਅਦ ਇਮਪੀਰੀਅਲ ਕਾਲਜ ਲੰਡਨ ਤੁਹਾਡੇ ਨਿੱਜੀ ਡੇਟਾ ਨੂੰ 25 ਸਾਲਾਂ ਤੱਕ ਸਾਂਭ ਕੇ ਰੱਖੇਗਾ। ਅਧਿਐਨ ਦੇ ਅਕਤੂਬਰ 2026 ਵਿੱਚ ਖਤਮ ਹੋਣ ਦੀ ਉਮੀਦ ਹੈ।

ਸਮਾਪਤੀ ਦੀ ਤਾਰੀਖ਼ ਬਾਰੇ ਵਧੇਰੇ ਜਾਣਕਾਰੀ/ਪੁਸ਼ਟੀਕਰਨ ਲਈ ਕਿਰਪਾ ਕਰਕੇ ਅਧਿਐਨ ਟੀਮ ਨਾਲ ਸੰਪਰਕ ਕਰੋ, ਸੰਪਰਕ ਜਾਣਕਾਰੀ ਲਈ '**ਤੁਸੀਂ ਇਸ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦੇ ਹੋ ਕਿ ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ**' ਦੇਖੋ।

ਇੱਕ ਯੂਨੀਵਰਸਿਟੀ ਵਜੋਂ ਅਸੀਂ ਸਿਹਤ, ਸੰਭਾਲ ਅਤੇ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਖੋਜ ਦਾ ਸੰਚਾਲਨ ਕਰਨ ਲਈ ਨਿੱਜੀ ਤੌਰ 'ਤੇ ਪਛਾਣਨਯੋਗ ਜਾਣਕਾਰੀ ਦੀ ਵਰਤੋਂ ਕਰਦੇ ਹਾਂ। ਇੱਕ ਜਨਤਕ-ਫ਼ੰਡ ਸਹਾਇਤਾ ਪ੍ਰਾਪਤ ਸੰਸਥਾ ਵਜੋਂ, ਸਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਜਦੋਂ ਅਸੀਂ ਉਹਨਾਂ ਲੋਕਾਂ ਕੋਲੋਂ ਨਿੱਜੀ ਤੌਰ 'ਤੇ ਪਛਾਣਨਯੋਗ ਜਾਣਕਾਰੀ ਦੀ ਵਰਤੋਂ ਕਰਦੇ ਹਾਂ ਜੋ ਖੋਜ ਵਿੱਚ ਭਾਗ ਲੈਣ ਲਈ ਸਹਿਮਤ ਹੋ ਗਏ ਹਨ ਤਾਂ ਇਹ ਜਨਤਕ ਹਿੱਤ ਵਿੱਚ ਹੋਵੇ। ਇਸਦਾ ਮਤਲਬ ਹੈ ਕਿ ਜਦੋਂ ਤੁਸੀਂ ਕਿਸੇ ਖੋਜ ਅਧਿਐਨ ਵਿੱਚ ਭਾਗ ਲੈਣ ਲਈ ਸਹਿਮਤ ਹੁੰਦੇ ਹੋ, ਤਾਂ ਅਸੀਂ ਤੁਹਾਡੇ ਡੇਟਾ ਨੂੰ ਖੋਜ ਅਧਿਐਨ ਦਾ ਸੰਚਾਲਨ ਅਤੇ ਵਿਸ਼ਲੇਸ਼ਣ ਕਰਨ ਲਈ ਲੋੜੀਂਦੇ ਤਰੀਕਿਆਂ ਨਾਲ ਵਰਤਾਂਗੇ। ਜਨਰਲ ਡੇਟਾ ਪ੍ਰੋਟੈਕਸ਼ਨ ਰੈਗੂਲੇਸ਼ਨ (GDPR) ਅਤੇ ਡੇਟਾ ਪ੍ਰੋਟੈਕਸ਼ਨ ਐਕਟ 2018 ਦੇ ਤਹਿਤ ਤੁਹਾਡੀ ਜਾਣਕਾਰੀ ਦੀ ਵਰਤੋਂ ਕਰਨ ਲਈ ਸਾਡਾ ਕਨੂੰਨੀ ਆਧਾਰ ਅੱਗੇ ਦਿੱਤੇ ਅਨੁਸਾਰ ਹੈ:

> ਇਮਪੀਰੀਅਲ ਕਾਲਜ ਲੰਡਨ – "ਜਨਤਕ ਹਿੱਤ ਵਿੱਚ ਕੀਤੇ ਗਏ ਕਿਸੇ ਕਾਰਜ ਦਾ ਪ੍ਰਦਰਸ਼ਨ"; ਸਿਹਤ ਅਤੇ ਸੰਭਾਲ ਖੋਜ ਨੂੰ ਜਨਤਕ ਹਿੱਤਾਂ ਦੀ ਪੂਰਤੀ ਕਰਨੀ ਚਾਹੀਦੀ ਹੈ, ਜਿਸਦਾ ਮਤਲਬ ਇਹ ਹੈ ਕਿ ਸਾਨੂੰ ਇਹ ਦਿਖਾਉਣਾ ਪਵੇਗਾ ਕਿ ਸਾਡੀ ਖੋਜ ਸਮੁੱਚੇ ਤੌਰ 'ਤੇ ਸਮਾਜ ਦੇ ਹਿੱਤਾਂ ਦੀ ਪੂਰਤੀ ਕਰਦੀ ਹੈ। ਅਸੀਂ ਅਜਿਹਾ ***ਯੂਕੇ ਪਾਲਿਸੀ ਫ੍ਰੇਮਵਰਕ ਫਾਰ ਹੈਲਥ ਐਂਡ ਸੋਸ਼ਲ ਕੇਅਰ ਰਿਸਰਚ*** ਦੀ ਪਾਲਣਾ ਕਰਕੇ ਕਰਦੇ ਹਾਂ।

ਜਿੱਥੇ ਕਿਤੇ ਵਿਸ਼ੇਸ਼ ਸ਼੍ਰੇਣੀ ਦੀ ਨਿੱਜੀ ਜਾਣਕਾਰੀ ਸ਼ਾਮਲ ਹੁੰਦੀ ਹੈ (ਜ਼ਿਆਦਾਤਰ ਸਿਹਤ ਡੇਟਾ, ਬਾਇਓਮੈਟ੍ਰਿਕ ਡੇਟਾ ਅਤੇ ਆਣੁਵਾਂਸ਼ਿਕ ਡੇਟਾ, ਪਿਛੋਕੜ ਅਤੇ ਨਸਲੀ ਡੇਟਾ ਆਦਿ), ਉੱਥੇ ਇਮਪੀਰੀਅਲ ਕਾਲਜ ਲੰਡਨ "ਵਿਗਿਆਨਕ ਜਾਂ ਇਤਿਹਾਸਕ ਖੋਜ ਦੇ ਮਕਸਦਾਂ ਜਾਂ ਅੰਕੜਾ-ਵਿਗਿਆਨਕ ਮਕਸਦਾਂ 'ਤੇ ਨਿਰਭਰ ਕਰਦਾ ਹੈ।

## ਅੰਤਰਰਾਸ਼ਟਰੀ ਤਬਾਦਲਾ

ਜਾਣਕਾਰੀ ਨੂੰ ਯੂਨਾਈਟਡ ਕਿੰਗਡਮ ਤੋਂ ਬਾਹਰਲੇ ਦੇਸ਼ਾਂ ਵਿੱਚ ਤਬਦੀਲ ਕਰਨ ਦੀ ਲੋੜ ਹੋ ਸਕਦੀ ਹੈ (ਉਦਾਹਰਨ ਲਈ, ਕਿਸੇ ਖੋਜ ਭਾਈਵਾਲ ਨੂੰ, ਜਾਂ ਤਾਂ ਯੂਰਪੀਅਨ ਆਰਥਿਕ ਖੇਤਰ (EEA) ਦੇ ਅੰਦਰ ਜਾਂ ਫਿਰ EEA ਤੋਂ ਬਾਹਰਲੇ ਹੋਰ ਦੇਸ਼ਾਂ ਵਿੱਚ)। ਜਿੱਥੇ ਕਿਤੇ ਇਸ ਜਾਣਕਾਰੀ ਵਿੱਚ ਤੁਹਾਡਾ ਨਿੱਜੀ ਡੇਟਾ ਹੁੰਦਾ ਹੈ, ਉੱਥੇ ਇਮਪੀਰੀਅਲ ਕਾਲਜ ਲੰਡਨ ਇਹ ਯਕੀਨੀ ਬਣਾਵੇਗਾ ਕਿ ਇਸਨੂੰ ਡੇਟਾ ਸੁਰੱਖਿਆ ਵਿਧਾਨ ਦੇ ਅਨੁਸਾਰ ਤਬਦੀਲ ਕੀਤਾ ਜਾਂਦਾ ਹੈ। ਜੇ ਡੇਟਾ ਨੂੰ ਕਿਸੇ ਅਜਿਹੇ ਦੇਸ਼ ਵਿੱਚ ਤਬਦੀਲ ਕੀਤਾ ਜਾਂਦਾ ਹੈ ਜੋ ਇਸਦੇ ਡੇਟਾ ਸੁਰੱਖਿਆ ਮਿਆਰਾਂ ਦੇ ਸਬੰਧ ਵਿੱਚ ਯੂਕੇ ਦੇ ਢੁਕਵੇਂ ਫੈਸਲੇ ਦੇ ਅਧੀਨ ਨਹੀਂ ਹੈ, ਤਾਂ ਇਮਪੀਰੀਅਲ ਕਾਲਜ ਲੰਡਨ ਪ੍ਰਾਪਤਕਰਤਾ ਦੇ ਖੋਜ ਭਾਈਵਾਲ ਨਾਲ ਡੇਟਾ ਸਾਂਝਾ ਕਰਨ ਦਾ ਇਕਰਾਰਨਾਮਾ ਕਰੇਗਾ ਜਿਸ ਵਿੱਚ ਯੂਕੇ ਵੱਲੋਂ ਮਨਜ਼ੂਰਸ਼ੁਦਾ ਮਿਆਰੀ ਇਕਰਾਰਨਾਮੇ ਦੀਆਂ ਧਾਰਾਵਾਂ ਸ਼ਾਮਲ ਹੋਣ ਜਾਂ ਕਿਸੇ ਹੋਰ ਤਬਾਦਲਾ ਵਿਧੀ ਦੀ ਵਰਤੋਂ ਕੀਤੀ ਜਾਵੇਗੀ ਜੋ ਇਹ ਸੁਰੱਖਿਅਤ ਕਰੇਗੀ ਕਿ ਤੁਹਾਡੇ ਨਿੱਜੀ ਡੇਟਾ ਨੂੰ ਕਿਵੇਂ ਪ੍ਰੋਸੈਸ ਕੀਤਾ ਜਾਵੇਗਾ।

## ਤੁਹਾਡੀ ਜਾਣਕਾਰੀ ਨੂੰ ਹੋਰਨਾਂ ਦੇ ਨਾਲ ਸਾਂਝਾ ਕਰਨਾ

ਅਸੀਂ ਤੁਹਾਡੇ ਨਿੱਜੀ ਡੇਟਾ ਨੂੰ ਸਿਰਫ਼ ਇਸ ਭਾਗੀਦਾਰ ਦੀ ਜਾਣਕਾਰੀ ਸ਼ੀਟ ਵਿੱਚ ਦੱਸੇ ਉਦੇਸ਼ਾਂ ਲਈ ਅਤੇ ਉੱਪਰ ਦੱਸੇ ਅਨੁਸਾਰ ਤੁਹਾਡੇ ਡੇਟਾ ਨੂੰ ਪ੍ਰੋਸੈਸ ਕਰਨ ਲਈ ਕਨੂੰਨੀ ਆਧਾਰ 'ਤੇ ਭਰੋਸਾ ਕਰਕੇ ਹੀ ਕੁਝ ਤੀਜੀਆਂ ਧਿਰਾਂ ਨਾਲ ਸਾਂਝਾ ਕਰਾਂਗੇ।

ਇਮਪੀਰੀਅਲ ਕਾਲਜ ਲੰਡਨ ਦੇ ਹੋਰ ਕਰਮਚਾਰੀਆਂ ਵਿੱਚ ਖੋਜ ਅਧਿਐਨ ਵਿੱਚ ਜਾਂ ਕੁਝ ਵਿਸ਼ੇਸ਼ ਸੈਕੰਡਰੀ ਸਰਗਰਮੀਆਂ ਦੇ ਭਾਗ ਵਜੋਂ ਸਿੱਧੇ ਤੌਰ 'ਤੇ ਸ਼ਾਮਲ ਸਟਾਫ (ਜਿਸ ਵਿੱਚ ਸਹਾਇਤਾ ਕਾਰਜ, ਅੰਦਰੂਨੀ ਲੇਖਾ-ਪੜਤਾਲ, ਸੰਪਰਕ ਵਿਸਥਾਰਾਂ ਦੀ ਸਟੀਕਤਾ ਨੂੰ ਯਕੀਨੀ ਬਣਾਉਣਾ ਆਦਿ ਸ਼ਾਮਲ ਹੋ ਸਕਦੇ ਹਨ), ਇਮਪੀਰੀਅਲ ਕਾਲਜ ਲੰਡਨ ਦੇ ਏਜੰਟ, ਠੇਕੇਦਾਰ ਅਤੇ ਸੇਵਾ ਪ੍ਰਦਾਨਕ (ਉਦਾਹਰਨ ਲਈ, ਪ੍ਰਿੰਟਿੰਗ ਅਤੇ ਡਾਕ ਸੇਵਾਵਾਂ ਦੇ ਸਪਲਾਈ ਕਰਤਾ, ਈਮੇਲ ਸੰਚਾਰ ਸੇਵਾਵਾਂ ਜਾਂ ਵੈੱਬ ਸੇਵਾਵਾਂ, ਜਾਂ ਉਹ ਸਪਲਾਈ ਕਰਤਾ ਜੋ ਉੱਪਰ ਵਰਣਨ ਕੀਤੀਆਂ ਸਰਗਰਮੀਆਂ ਵਿੱਚੋਂ ਕਿਸੇ ਨੂੰ ਵੀ ਕਰਨ ਵਿੱਚ ਸਾਡੀ ਮਦਦ ਕਰਦੇ ਹਨ) ਸ਼ਾਮਲ ਹਨ। ਸਾਡੇ ਤੀਜੀ ਧਿਰ ਸੇਵਾ ਪ੍ਰਦਾਤਿਆਂ ਤੋਂ ਲੋੜਿਆ ਜਾਂਦਾ ਹੈ ਕਿ ਉਹ ਸਾਡੇ ਨਾਲ ਡੇਟਾ ਪ੍ਰਕਿਰਿਆ ਕਰਨ ਦੇ ਇਕਰਾਰਨਾਮੇ ਕਰਨ। ਅਸੀਂ ਉਨ੍ਹਾਂ ਨੂੰ ਸਿਰਫ਼ ਨਿਰਧਾਰਿਤ ਉਦੇਸ਼ਾਂ ਲਈ ਅਤੇ ਸਾਡੀਆਂ ਨੀਤੀਆਂ ਦੇ ਅਨੁਸਾਰ ਤੁਹਾਡੇ ਨਿੱਜੀ ਡੇਟਾ ਨੂੰ ਪ੍ਰੋਸੈਸ ਕਰਨ ਦੀ ਇਜਾਜ਼ਤ ਦਿੰਦੇ ਹਾਂ।

## ਭਵਿੱਖ ਦੀ ਖੋਜ ਲਈ ਅਧਿਐਨ ਡੇਟਾ ਦੀ ਸੰਭਾਵੀ ਵਰਤੋਂ

ਜਦੋਂ ਤੁਸੀਂ ਕਿਸੇ ਖੋਜ ਅਧਿਐਨ ਵਿੱਚ ਭਾਗ ਲੈਣ ਲਈ ਸਹਿਮਤ ਹੁੰਦੇ ਹੋ, ਤਾਂ ਇਕੱਤਰ ਕੀਤੀ ਜਾਣਕਾਰੀ ਜਾਂ ਤਾਂ ਅਧਿਐਨ ਦੇ ਭਾਗ ਵਜੋਂ ਜਾਂ ਅਧਿਐਨ ਲਈ ਤਿਆਰੀ ਵਜੋਂ (ਜਿਵੇਂ ਕਿ ਸੰਪਰਕ ਵਿਸਥਾਰ), ਜੇ ਤੁਸੀਂ ਸਹਿਮਤੀ ਦਿੰਦੇ ਹੋ ਤਾਂ ਇਮਪੀਰੀਅਲ ਕਾਲਜ ਲੰਡਨ ਵਿਖੇ ਹੋਰ ਖੋਜ ਅਧਿਐਨ ਚਲਾ ਰਹੇ ਖੋਜਕਾਰਾਂ ਅਤੇ ਹੋਰ ਸੰਸਥਾਵਾਂ ਵਿੱਚ ਪ੍ਰਦਾਨ ਕੀਤੀ ਜਾ ਸਕਦੀ ਹੈ ਜੋ ਇਸ ਦੇਸ਼ ਜਾਂ ਵਿਦੇਸ਼ ਵਿੱਚ ਖੋਜ ਵਿੱਚ ਸ਼ਾਮਲ ਯੂਨੀਵਰਸਿਟੀਆਂ ਜਾਂ ਸੰਸਥਾਵਾਂ ਹੋ ਸਕਦੀਆਂ ਹਨ। ਤੁਹਾਡੀ ਜਾਣਕਾਰੀ ਨੂੰ ਕੇਵਲ ਵਿਧਾਨ ਦੇ ਅਨੁਸਾਰ ਖੋਜ ਦਾ ਸੰਚਾਲਨ ਕਰਨ ਲਈ ਵਰਤਿਆ ਜਾਵੇਗਾ ਜਿਸ ਵਿੱਚ GDPR ਅਤੇ ਯੂਕੇ ਪਾਲਿਸੀ ਫ੍ਰੇਮਵਰਕ ਫਾਰ ਹੈਲਥ ਐਂਡ ਸੋਸ਼ਲ ਕੇਅਰ ਰਿਸਰਚ ਵੀ ਸ਼ਾਮਲ ਹਨ।

ਇਸ ਜਾਣਕਾਰੀ ਤੁਹਾਡੀ ਪਛਾਣ ਨਹੀਂ ਕਰੇਗੀ ਅਤੇ ਇਸਦਾ ਸੁਮੇਲ ਹੋਰ ਜਾਣਕਾਰੀ ਦੇ ਨਾਲ ਅਜਿਹੇ ਤਰੀਕੇ ਨਾਲ ਨਹੀਂ ਕੀਤਾ ਜਾਵੇਗਾ ਜੋ ਤੁਹਾਡੀ ਪਛਾਣ ਕਰ ਸਕੇ, ਤੁਹਾਡੇ ਖਿਲਾਫ ਵਰਤੀ ਜਾ ਸਕੇ ਜਾਂ ਤੁਹਾਡੇ ਬਾਰੇ ਫੈਸਲੇ ਕਰਨ ਲਈ ਵਰਤੀ ਜਾ ਸਕੇ।

## ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ, ਇਸ ਬਾਰੇ ਤੁਸੀਂ ਵਧੇਰੇ ਜਾਣਕਾਰੀ ਕਿੱਥੋਂ ਲੈ ਸਕਦੇ ਹੋ?

ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ, ਇਸ ਬਾਰੇ ਤੁਸੀਂ ਵਧੇਰੇ ਜਾਣਕਾਰੀ ਏਥੋਂ ਲੈ ਸਕਦੇ ਹੋ

- *www.hra.nhs.uk/information-about-patients/* 'ਤੇ
- ਖੋਜ ਟੀਮ ਵਿੱਚੋਂ ਕਿਸੇ ਨੂੰ ਪੁੱਛ ਕੇ
- *neogastric@npeu.ox.ac.uk* ਨੂੰ ਇੱਕ ਈਮੇਲ ਭੇਜਣ ਰਾਹੀਂ
- ਸਾਨੂੰ *(0)1865 617927* 'ਤੇ ਕਾਲ ਕਰਨ ਰਾਹੀਂ
- ਜਾਂ *www.npeu.ox.ac.uk/neogastric* 'ਤੇ ਜਾ ਕੇ

## ਖੋਜ ਦਾ ਆਯੋਜਨ ਅਤੇ ਫੰਡਿੰਗ ਕੌਣ ਕਰ ਰਿਹਾ ਹੈ?

ਨੈਸ਼ਨਲ ਪੇਰੀਨੇਟਲ ਐਪੀਡੇਮਿਓਲੋਜੀ ਯੂਨਿਟ, ਕਲੀਨਿਕਲ ਟਰਾਇਲਜ਼ ਯੂਨਿਟ (NPEU CTU) ਮੋਨਾਸ਼ ਯੂਨੀਵਰਸਿਟੀ, ਆਸਟਰੇਲੀਆ ਦੇ ਨਾਲ ਭਾਈਵਾਲੀ ਵਿੱਚ, ਸਰਪ੍ਰਸਤ, ਇਮਪੀਰੀਅਲ ਕਾਲਜ ਲੰਡਨ ਦੀ ਤਰਫ਼ੋਂ ਆਕਸਫੋਰਡ ਯੂਨੀਵਰਸਿਟੀ, ਯੂਕੇ ਵਿਖੇ ਅਧਿਐਨ ਦਾ ਤਾਲਮੇਲ ਅਤੇ ਪ੍ਰਬੰਧਨ ਕਰ ਰਹੇ ਹਨ। ਇਸ ਅਧਿਐਨ ਲਈ ਫ਼ੰਡ ਸਹਾਇਤਾ ਯੂਕੇ ਵਿੱਚ ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਐਂਡ ਕੇਅਰ ਰਿਸਰਚ ਅਤੇ ਆਸਟਰੇਲੀਆ ਵਿੱਚ ਨੈਸ਼ਨਲ ਹੈਲਥ ਐਂਡ ਮੈਡੀਕਲ ਰਿਸਰਚ ਕੌਂਸਲ ਵੱਲੋਂ ਦਿੱਤੀ ਜਾਂਦੀ ਹੈ। ਖੋਜ ਦਾ ਸੰਚਾਲਨ ਕਰਨ ਵਾਲੇ ਡਾਕਟਰਾਂ ਅਤੇ ਨਰਸਾਂ ਨੂੰ ਉਹਨਾਂ ਦੀ ਆਮ ਤਨਖਾਹ ਤੋਂ ਇਲਾਵਾ ਭੁਗਤਾਨ ਜਾਂ ਲਾਭ ਨਹੀਂ ਮਿਲ ਰਹੇ ਹਨ।

## ਖੋਜ ਅਧਿਐਨ ਦੇ ਨਤੀਜਿਆਂ ਦਾ ਕੀ ਹੋਵੇਗਾ?

ਟ੍ਰਾਇਲ ਦੇ ਪੂਰੇ ਵੇਰਵੇ ਟ੍ਰਾਇਲ ਵੈੱਬਸਾਈਟ ਰਾਹੀਂ ਉਪਲਬਧ ਕਰਵਾਏ ਜਾਣਗੇ: ***www.npeu.ox.ac.uk/neogastric***। ਇਸਦਾ ਪ੍ਰਸਾਰ ਕਾਨਫਰੰਸ ਪੇਸ਼ਕਾਰੀਆਂ ਰਾਹੀਂ, ਚੈਰਿਟੀਆਂ ਜਿਵੇਂ ਕਿ Bliss ਅਤੇ SSNAP ਰਾਹੀਂ ਅਤੇ ਨਾਲ ਹੀ ਫ਼ੰਡ ਦੇਣ ਵਾਲਿਆਂ ਨੂੰ ਭੇਜੀ ਜਾ ਰਹੀ ਇੱਕ ਰਿਪੋਰਟ ਰਾਹੀਂ ਵੀ ਕੀਤਾ ਜਾਵੇਗਾ।

## ਅਧਿਐਨ ਟੀਮ ਕੌਣ ਹੈ ਅਤੇ ਮੈਂ ਉਹਨਾਂ ਨਾਲ ਕਿਵੇਂ ਸੰਪਰਕ ਕਰ ਸਕਦਾ ਹਾਂ?

ਅਸੀਂ ਨਵਜੰਮੇ ਬੱਚਿਆਂ ਦੀ ਦੇਖਭਾਲ ਕਰਨ ਵਾਲੇ ਡਾਕਟਰੀ ਪੇਸ਼ੇਵਰ ਹਾਂ ਅਤੇ ਨਵਜਾਤ ਬੱਚਿਆਂ ਦੀ ਦੇਖਭਾਲ ਨੂੰ ਬਿਹਤਰ ਬਣਾਉਣ ਲਈ ਖੋਜ ਕਰ ਰਹੇ ਹਾਂ। ਕਿਰਪਾ ਕਰਕੇ ਸੰਪਰਕ ਕਰਨ ਲਈ ਹੇਠਾਂ ਦਿੱਤੇ ਸੰਪਰਕ ਵੇਰਵੇ ਦੇਖੋ।

## ਅਧਿਐਨ ਦੀ ਸਮੀਖਿਆ ਕਿਸਨੇ ਕੀਤੀ ਹੈ?

ਭਾਗੀਦਾਰਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ NHS ਵਿਚਲੀ ਸਾਰੀ ਖੋਜ ਦਾ ਮੁਲਾਂਕਣ ਲੋਕਾਂ ਦੇ ਇੱਕ ਸੁਤੰਤਰ ਗਰੁੱਪ ਵੱਲੋਂ ਕੀਤਾ ਜਾਂਦਾ ਹੈ। ਇਸ ਅਧਿਐਨ ਦੀ ਸਮੀਖਿਆ ਲੰਡਨ-ਰਿਵਰਸਾਈਡ ਰਿਸਰਚ ਐਥਿਕਸ ਕਮੇਟੀ ਵੱਲੋਂ ਕੀਤੀ ਗਈ ਹੈ।

## ਮੈਂ ਅਧਿਐਨ ਦੇ ਨਤੀਜਿਆਂ ਦਾ ਪਤਾ ਕਿਵੇਂ ਲਗਾਵਾਂਗਾ/ਗੀ?

ਇੱਕ ਵਾਰ ਜਦ ਅਧਿਐਨ ਪੂਰਾ ਹੋ ਜਾਂਦਾ ਹੈ ਤਾਂ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ ਅਤੇ ਇਸਨੂੰ ਇੱਕ ਡਾਕਟਰੀ ਜਰਨਲ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ। ਨਤੀਜੇ ਟ੍ਰਾਇਲ ਵੈੱਬਸਾਈਟ 'ਤੇ ਵੀ ਉਪਲਬਧ ਹੋਣਗੇ। ਅਧਿਐਨ ਬਾਰੇ ਕਿਸੇ ਵੀ ਰਿਪੋਰਟ ਜਾਂ ਪ੍ਰਕਾਸ਼ਨਾ ਵਿੱਚ ਨਾ ਤਾਂ ਤੁਹਾਡੀ ਅਤੇ ਨਾ ਹੀ ਤੁਹਾਡੇ ਬੱਚੇ ਦੀ ਪਛਾਣ ਕੀਤੀ ਜਾਵੇਗੀ।

## ਜੇ ਮੈਨੂੰ ਕੋਈ ਸ਼ਿਕਾਇਤ ਹੈ ਤਾਂ ਕੀ ਹੋਵੇਗਾ?

ਜੇ ਤੁਸੀਂ ਇਸ ਬਾਰੇ ਕੋਈ ਸ਼ਿਕਾਇਤ ਕਰਨੀ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਨਿੱਜੀ ਡੇਟਾ ਨੂੰ ਕਿਵੇਂ ਸੰਭਾਲਿਆ ਹੈ, ਤਾਂ ਕਿਰਪਾ ਕਰਕੇ ਖੋਜ ਟੀਮ (ਸੰਪਰਕ ਵੇਰਵੇ ਹੇਠਾਂ ਹਨ) ਨਾਲ ਸੰਪਰਕ ਕਰੋ

ਜੇ ਤੁਸੀਂ ਸਾਡੇ ਜਵਾਬ ਤੋਂ ਬਾਅਦ ਸੰਤੁਸ਼ਟ ਨਹੀਂ ਹੋ, ਤਾਂ ਕਿਰਪਾ ਕਰਕੇ ਇਮਪੀਰੀਅਲ ਕਾਲਜ ਲੰਡਨ ਦੇ ਡੇਟਾ ਪ੍ਰੋਟੈਕਸ਼ਨ ਅਫ਼ਸਰ ਨਾਲ dpo@imperial.ac.uk 'ਤੇ ਈਮੇਲ ਰਾਹੀਂ, 020 7594 3502 'ਤੇ ਟੈਲੀਫ਼ੋਨ ਰਾਹੀਂ ਅਤੇ/ਜਾਂ ਫਿਰ ਇਮਪੀਰੀਅਲ ਕਾਲਜ ਲੰਡਨ, ਡੇਟਾ ਪ੍ਰੋਟੈਕਸ਼ਨ ਅਫਸਰ, ਫੈਕਲਟੀ ਬਿਲਡਿੰਗ ਲੈਵਲ 4, ਲੰਡਨ SW7 2AZ ਵਿਖੇ ਡਾਕ ਰਾਹੀਂ ਸੰਪਰਕ ਕਰੋ।

ਜੇ ਤੁਸੀਂ ਸਾਡੇ ਜਵਾਬ ਤੋਂ ਅਸੰਤੁਸ਼ਟ ਰਹਿੰਦੇ ਹੋ ਜਾਂ ਤੁਹਾਡਾ ਮੰਨਣਾ ਹੈ ਕਿ ਅਸੀਂ ਤੁਹਾਡੇ ਨਿੱਜੀ ਡੇਟਾ ਨੂੰ ਅਜਿਹੇ ਤਰੀਕੇ ਨਾਲ ਪ੍ਰੋਸੈਸ ਕਰ ਰਹੇ ਹਾਂ ਜੋ ਕਨੂੰਨੀ ਨਹੀਂ ਹੈ ਤਾਂ ਤੁਸੀਂ www.ico.org.uk ਰਾਹੀਂ ਇਨਫਰਮੇਸ਼ਨ ਕਮਿਸ਼ਨਰ ਦੇ ਦਫਤਰ (ICO) ਨੂੰ ਸ਼ਿਕਾਇਤ ਕਰ ਸਕਦੇ ਹੋ। ਕਿਰਪਾ ਕਰਕੇ ਨੋਟ ਕਰੋ ਕਿ ICO ਇਹ ਸਿਫਾਰਸ਼ ਜ਼ਰੂਰ ਕਰਦਾ ਹੈ ਕਿ ਤੁਸੀਂ ਉਹਨਾਂ ਤੱਕ ਪਹੁੰਚ ਕਰਨ ਤੋਂ ਪਹਿਲਾਂ ਮਾਮਲਿਆਂ ਨੂੰ ਡੇਟਾ ਕੰਟਰੋਲਰ (ਸਾਡੇ) ਨਾਲ ਹੱਲ ਕਰਨ ਦੀ ਕੋਸ਼ਿਸ਼ ਕਰੋ।

ਇਮਪੀਰੀਅਲ ਕਾਲਜ ਲੰਡਨ ਕੋਲ ਇਸ ਅਧਿਐਨ 'ਤੇ ਲਾਗੂ ਹੋਣ ਵਾਲੀਆਂ ਬੀਮਾ ਪਾਲਿਸੀਆਂ ਹਨ। ਜੇ ਇਸ ਅਧਿਐਨ ਵਿੱਚ ਭਾਗ ਲੈਣ ਦੇ ਨਤੀਜੇ ਵਜੋਂ ਤੁਹਾਨੂੰ ਨੁਕਸਾਨ ਜਾਂ ਸੱਟ ਲੱਗਣ ਦਾ ਤਜ਼ਰਬਾ ਹੁੰਦਾ ਹੈ, ਤਾਂ ਤੁਸੀਂ ਇਹ ਸਾਬਤ ਕੀਤੇ ਬਗੈਰ ਮੁਆਵਜ਼ੇ ਦਾ ਦਾਅਵਾ ਕਰਨ ਦੇ ਯੋਗ ਹੋਵੋਂਗੇ ਕਿ ਇਮਪੀਰੀਅਲ ਕਾਲਜ ਦੀ ਗਲਤੀ ਹੈ। ਇਹ ਮੁਆਵਜ਼ੇ ਦੀ ਮੰਗ ਕਰਨ ਦੇ ਤੁਹਾਡੇ ਕਨੂੰਨੀ ਅਧਿਕਾਰਾਂ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ।

ਜੇ ਕਿਸੇ ਦੀ ਅਣਗਹਿਲੀ ਕਰਕੇ ਤੁਹਾਨੂੰ ਨੁਕਸਾਨ ਪਹੁੰਚਦਾ ਹੈ, ਤਾਂ ਹੋ ਸਕਦਾ ਹੈ ਤੁਹਾਡੇ ਕੋਲ ਕਨੂੰਨੀ ਕਾਰਵਾਈ ਕਰਨ ਦਾ ਆਧਾਰ ਹੋਵੇ। ਇਸ ਦੀ ਪ੍ਰਵਾਹ ਕੀਤੇ ਬਿਨਾਂ, ਜੇ ਤੁਸੀਂ ਸ਼ਿਕਾਇਤ ਕਰਨ ਦੀ ਇੱਛਾ ਕਰਦੇ ਹੋ, ਜਾਂ ਇਸ ਅਧਿਐਨ ਦੇ ਚਲਨ ਦੌਰਾਨ ਤੁਹਾਡੇ ਨਾਲ ਕੀਤੇ ਗਏ ਵਿਵਹਾਰ ਦੇ ਕਿਸੇ ਵੀ ਪੱਖ ਬਾਰੇ ਤੁਹਾਡੇ ਕੋਈ ਸ਼ੰਕੇ ਹਨ ਤਾਂ ਤੁਹਾਨੂੰ ਤੁਰੰਤ ਜਾਂਚਕਰਤਾ (ਹੇਠਾਂ ਵਿਸਥਾਰ ਦੇਖੋ) ਨੂੰ ਸੂਚਿਤ ਕਰਨਾ ਚਾਹੀਦਾ ਹੈ। ਨੈਸ਼ਨਲ ਹੈਲਥ ਸਰਵਿਸ ਦੇ ਸਾਧਾਰਨ ਤੰਤਰ ਵੀ ਤੁਹਾਡੇ ਲਈ ਉਪਲਬਧ ਹਨ। ਜੇ ਤੁਸੀਂ ਅਜੇ ਵੀ ਜਵਾਬ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ ਇਮਪੀਰੀਅਲ ਕਾਲਜ, ਰਿਸਰਚ ਗਵਰਨੈਂਸ ਐਂਡ ਇੰਟੈਗਰਿਟੀ ਟੀਮ ਨਾਲ ਸੰਪਰਕ ਕਰ ਸਕਦੇ ਹੋ।

**ਇਸ ਕਿਤਾਬਚੇ ਨੂੰ ਪੜ੍ਹਨ ਲਈ ਤੁਹਾਡਾ ਧੰਨਵਾਦ - ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਇਸ ਅਧਿਐਨ ਬਾਰੇ ਉਸ ਡਾਕਟਰ ਜਾਂ ਨਰਸ ਨਾਲ ਵਿਚਾਰ-ਵਟਾਂਦਰਾ ਕਰੋ ਜੋ ਤੁਹਾਡੇ ਬੱਚੇ ਦੀ ਦੇਖਭਾਲ ਕਰ ਰਿਹਾ/ਰਹੀ ਹੈ।**

ਵਧੇਰੇ ਜਾਣਕਾਰੀ ਲਈ ਇੱਥੇ ਸਕੈਨ ਕਰੋ


**neoGASTRIC ਅਧਿਐਨ ਟੀਮ**

NPEU ਕਲੀਨਿਕਲ ਟ੍ਰਾਇਲਸ ਯੂਨਿਟ, ਆਕਸਫੋਰਡ ਯੂਨੀਵਰਸਿਟੀ,
ਓਲਡ ਰੋਡ ਕੈਂਪਸ, ਹੈਡਿੰਗਟਨ, ਆਕਸਫੋਰਡ, OX3 7LF

01865 617927

*neogastric@npeu.ox.ac.uk*

*www.npeu.ox.ac.uk/neogastric*



FUNDED BY

NIHR | National Institute for Health and Care Research

NHMRC-NIHR ਸਹਿਯੋਗੀ ਖੋਜ ਗ੍ਰਾਂਟ ਸਕੀਮ। ਪ੍ਰਗਟਾਏ ਗਏ ਵਿਚਾਰ ਲੇਖਕ(ਕਾਂ) ਦੇ ਹਨ ਅਤੇ ਜ਼ਰੂਰੀ ਨਹੀਂ ਕਿ ਇਹ NIHR, NHMRC ਜਾਂ ਡਿਪਾਰਟਮੈਂਟ ਆਫ ਹੈਲਥ ਐਂਡ ਸੋਸ਼ਲ ਕੇਅਰ ਦੇ ਹੋਣ।